28.1.96

# ਕਲਾ ਦੇ ਝਰੋਖੇ 'ਤੋਂ

ਗੁਰਸ਼ਰਨ ਸਿੰਘ

**ਵਿਅੰਗ ਦੀ ਕਲਾ :** ਵਿਅੰਗ ਆਪਣੇ ਆਪ ਵਿਚ ਇਕ ਕਲਾ ਹੈ । ਅਖਬਾਰਾਂ ਵਿਚ ਵਿਅੰਗ ਦਾ ਇਕ ਰੂਪ ਕਾਰਟੂਨ ਹੈ ਜੋ ਛੋਟੀ ਜਿੰਨੀ ਥਾਂ ਵਿਚ ਬਹੁਤ ਕੁਝ ਕਹਿ ਜਾਂਦਾ ਹੈ । ਇਸ ਕਲਾ ਦਾ ਇਕ ਛੋਟਾ ਜਿਹਾ ਨਮੂਨਾ ਹਿੰਦੂ ਅਖਬਾਰ ਵਿਚ ਵੇਖਣ ਨੂੰ ਮਿਲਿਆ, ਜੋ ਐਨਰੋਨ ਸਮਝੌਤੇ ਬਾਰੇ ਸੀ । ਦੋ ਨੇਤਾ ਕਿਸਮ ਦੇ ਬੰਦੇ ਬਾਹਵਾਂ ਉਚੀਆਂ ਕਰਕੇ ਖੁਸ਼ੀ ਮਨਾ ਰਹੇ ਹਨ ਕਿ ਐਨਰੋਨ ਸਮੌਝਤਾ ਸਿਰੇ ਚੜ੍ਹ ਗਿਆ ਹੈ । ਇਕ ਨਿੱਕਾ ਜਿਹਾ ਬੱਚਾ ਪੁੱਛ ਰਿਹਾ ਹੈ 'ਇਹ ਉਸ ਵੇਲੇ ਵੀ ਨੱਚੇ ਸਨ ਜਦੋਂ ਐਨਰੋਨ ਸਮਝੌਤਾ ਰੱਦ ਹੋਇਆ ਸੀ ।' ਸਿਆਸਤਦਾਨਾਂ ਦੀਆਂ ਦੂਹਰੀਆਂ ਕਦਰਾਂ ਕੀਮਤਾਂ ਬਾਰੇ ਇਹ ਇਕ ਜ਼ੋਰਦਾਰ ਵਿਅੰਗ ਸੀ.।

ਵਿਅੰਗ ਦੀ ਕਲਾ ਮਿੰਨੀ ਕਹਾਣੀ ਵਿਧਾ ਵਿਚ ਵੀ ਪੂਰੀਆਂ ਸਿਖਰਾਂ ਨਾਲ ਰੂਪਮਾਨ ਹੁੰਦੀ ਹੈ । ਕੁੱਤਾ ਕੰਧ 'ਤੇ ਬੈਠਾ ਹੈ । ਇਕ ਸੂਰ ਤੇ ਗਾਂ ਅੰਨ੍ਹੇਵਾਹ ਭੱਜੇ ਜਾ ਰਹੇ ਹਨ । ਕੁੱਤਾ ਪੁੱਛਦਾ ਹੈ, ਕੀ ਗੱਲ ਹੋਈ ਹੈ ? ਕੀ ਸ਼ਹਿਰ ਵਿਚ ਕੋਈ ਫਸਾਦ ਹੋ ਗਿਆ ਹੈ ? ਜਵਾਬ ਸੀ, 'ਨਹੀਂ, ਫਸਾਦ ਹੋਇਆ ਨਹੀਂ, ਹੋਣ ਵਾਲਾ ਹੈ । ਉਹ ਸਾਨੂੰ ਲੱਭ ਰਹੇ ਹਨ । ਇਕ ਹੋਰ ਮਿਸਾਲ । ਕਿਰਾਏ 'ਤੇ ਮਕਾਨ ਲੈਣ ਵਾਲੇ ਨੂੰ ਮਕਾਨ ਪਸੰਦ ਸੀ । ਉਸ ਨੇ ਆਪਣੀ ਪਸੰਦ ਮਕਾਨ ਮਾਲਕ ਨੂੰ ਵੀ ਦੱਸ ਦਿੱਤੀ । ਪੌੜੀਆਂ ਚੜ੍ਹ ਕੇ ਉਹ ਕੋਠੇ 'ਤੇ ਗਿਆ । ਵਾਪਸ ਆਇਆ ਤਾਂ ਉਹ ਮਕਾਨ ਲੈਣ ਤੋਂ ਇਨਕਾਰੀ ਸੀ । ''ਕਿਉਂ ?'' ਮਾਲਕ ਮਕਾਨ ਨੇ ਹੈਰਾਨੀ ਨਾਲ ਪੁੱਛਿਆ, ''ਤੁਹਾਡਾ ਮਕਾਨ ਚੰਗਾ ਜ਼ਰੂਰ ਹੈ, ਪਰ ਇਹ 'ਘਰ' ਨਹੀਂ ਕਿਉਂਕਿ ਇਹਦੇ ਇਕ ਪਾਸੇ ਗੁਰਦੁਆਰਾ ਹੈ ਤੇ ਦੂਜੇ ਪਾਸੇ ਮੰਦਰ ਹੈ । ਖੱਪ ਰੌਲੇ ਦੇ ਪ੍ਰਦੂਸ਼ਣ 'ਤੇ ਇਹ ਇਕ ਜ਼ੋਰਦਾਰ ਵਿਅੰਗ ਹੈ ।

ਵਿਅੰਗ ਮਿੰਨੀ ਨਾਟਕ ਦੇ ਰੂਪ ਵਿਚ ਵੀ ਆ ਰਿਹਾ ਹੈ । ਪੰਜਾਬ ਵਿਚ ਮੰਤਰੀਆਂ ਦੀ ਫੌਜ ਬਾਰੇ ਇਕ ਮਿੰਨੀ ਨਾਟਕ ਹੈ ।

ਇਕ– ਮੈਂ ਤੇਰੇ ਕੋਲੋਂ ਡਰਦਾ ਨਹੀਂ, ਹੁਣ ਮੈਂ ਵਜ਼ੀਰ ਹਾਂ ।

ਦੋ–ਫੇਰ ਕੀ ਹੋਇਆ, ਮੈਂ ਵੀ ਵਜ਼ੀਰ ਹਾਂ ।

ਤਿੰਨ–ਮੈਂ ਕਿਸੇ ਨਾਲੋਂ ਘੱਟ ਹਾਂ, ਮੈਂ ਵੀ ਵਜ਼ੀਰ ਹਾਂ । ਪਰ ਉਹ ਜੋ ਸਾਹਮਣੇ ਆ ਰਿਹਾ ਹੈ...

ਇਕ–ਉਹ ਵਿਚਾਰਾ ਵਜ਼ੀਰ ਨਹੀਂ ਬਣ ਸਕਿਆ, ਉਹਦੇ ਉਤੇ ਭ੍ਰਿਸ਼ਟਾਚਾਰ ਦਾ ਦਾਗ ਹੈ ।

ਚਾਰ–ਕੌਣ ਸਾਲਾ ਕਹਿੰਦਾ ਏ ਮੈਂ ਦਾਗੀ ਹਾਂ, ਮੈਂ ਵੀ ਵਜ਼ੀਰ ਹਾਂ ।

ਪੰਜ–ਵਜ਼ੀਰ ਬਣਨਾ ਵੱਡੀ ਗੱਲ ਨਹੀਂ, ਮੈਂ ਵੀ ਵਜ਼ੀਰ ਹਾਂ ।

ਸਾਰੇ– ਅਸੀਂ ਸਾਰੇ ਵਜ਼ੀਰ ਹਾਂ, ਸਾਡਾ ਏਕਾ ਜ਼ਿੰਦਾਬਾਦ, ਸਾਡਾ ਸਾਫ ਸੁਥਰਾ ਨੇਤਾ ਜ਼ਿੰਦਾਬਾਦ ।

ਕਾਵਿ ਵਿਅੰਗ ਵੀ ਹੁਣ ਪੂਰੀ ਪਛਾਣ ਵਾਲੀ ਇਕ ਕਲਾ ਬਣ ਗਈ ਹੈ :

ਕੰਧ ਈਰਖਾ ਦੀ ਵਧਦੀ ਜਾਏ ਬੇਸ਼ੱਕ,
ਉਧਰ ਭੁੱਲ ਕੇ ਝਾਤ ਨਾ ਪਾਓ ਲੋਕੋ ।
ਜਿਥੇ ਬੈਠ ਕੇ ਬੰਦਗੀ ਕਰਨ ਬੰਦੇ ।
ਉਨ੍ਹਾਂ ਰੱਬ ਦੇ ਘਰਾਂ ਨੂੰ ਢਾਹੋ ਲੋਕੋ ।
ਸੂਰ, ਗਾਂ ਤਾਂ ਪਸ਼ੂ ਬੇਸਮਝ ਠਹਿਰੇ,
ਪਸ਼ੂਆਂ ਪਿੱਛੇ ਕਿਉਂ ਮਸਲੇ ਬਣਾਓ ਲੋਕੋ ।
ਤਾਰਾ ਮੰਡਲਾਂ 'ਤੇ ਦੁਨੀਆਂ ਜਾਣ ਲੱਗ ਪਈ,
ਤੁਸੀਂ ਹੇਠਾਂ ਹੀ ਉਲਝਦੇ ਜਾਓ ਲੋਕੋ ।

ਪੰਜਾਬੀ ਪੱਤਰਕਾਰੀ ਵਿਚ ਵਿਅੰਗ ਦੀ ਆਮਦ ਇਕ ਮੁਬਾਰਕ ਕਦਮ ਹੈ ।

**ਗਿਰਗਿਟ, ਇਕ ਸ਼ਾਹਕਾਰ ਕਹਾਣੀ, ਇਕ ਸ਼ਾਹਕਾਰ ਨਾਟਕ**

'ਗਿਰਗਿਟ' ਚੈਖੋਵ ਦੀ ਇਕ ਸ਼ਾਨਦਾਰ ਕਹਾਣੀ ਹੈ। ਚੈਖੋਵ ਨੇ ਜ਼ਾਰ ਵੇਲੇ ਦੇ ਰੂਸ ਦੀ ਅਫਸਰਸ਼ਾਹੀ ਉੱਤੇ ਇਕ ਜ਼ਬਰਦਸਤ ਵਿਅੰਗਾਤਮਕ ਚੋਟ ਲਗਾਈ ਹੈ। ਇਸ ਕਹਾਣੀ ਵਿਚਲਾ ਵਿਅੰਗ ਕਿਉਂਕਿ ਸਾਡੀ ਦੇਸ਼ ਦੀ ਅਫਸਰਸ਼ਾਹੀ ਉਤੇ ਪੂਰੀ ਤਰ੍ਹਾਂ ਲਾਗੂ ਹੁੰਦਾ ਹੈ, ਇਸ ਕਰ ਕੇ ਇਸ ਕਹਾਣੀ ਦਾ ਨਾਟਕੀ ਰੂਪਾਂਤਰ ਸਾਡੀਆਂ ਬਹੁਤ ਸਾਰੀਆਂ ਜ਼ੁਬਾਨਾਂ ਵਿਚ ਮਿਲਦਾ ਹੈ। ਬਹੁਤ ਸਾਲ ਪਹਿਲਾਂ ਪੰਜਾਬੀ ਵਿਚ ਇਹਦਾ ਰੂਪਾਂਤਰ ਜਸਵੰਤ ਸਿੰਘ ਵਿਰਦੀ ਵਲੋਂ ਲਿਖਿਆ 'ਨਵਾਂ ਜ਼ਮਾਨਾ' ਅਖਬਾਰ ਵਿਚ ਛਪਿਆ ਸੀ। ਨੰਗਲ ਵਿਚ ਸਟਾਫ ਕਲੱਬ ਵਲੋਂ ਇਹ ਉਸ ਵੇਲੇ ਕਾਮਯਾਬੀ ਨਾਲ ਖੇਡਿਆ ਗਿਆ ਸੀ। ਇਸ ਰੂਪਾਂਤਰ ਵਿਚ ਇਕ ਅਮਲੀ ਪਾਤਰ ਸਾਰੇ ਵਿਅੰਗ ਨੂੰ ਨਾਟਕੀ ਗਤੀ ਦੇਂਦਾ ਹੈ। ਇਸ ਨਾਟਕ ਦਾ ਇਕ ਹੋਰ ਪੰਜਾਬੀ ਰੂਪਾਂਤਰ ਅਮਰਜੀਤ ਚੰਦਨ ਵਲੋਂ ਆਇਆ ਜੋ 'ਸਮਤਾ' ਦੇ ਪ੍ਰਵੇਸ਼ ਅੰਕ ਜੂਨ 1980 ਵਿਚ ਛਪਿਆ। ਇਹ ਰਮੇਸ਼ ਉਪਾਧਿਆਏ ਦੇ ਹਿੰਦੀ ਨਾਟਕ ਦਾ ਅਨੁਵਾਦ ਸੀ ਤੇ ਨੁੱਕੜ ਨਾਟਕ ਦੀ ਸ਼ੈਲੀ ਵਿਚ ਲਿਖਿਆ ਗਿਆ ਸੀ। ਇਹੀ ਨਾਟਕ ਹੁਣ ਕੇਵਲ ਧਾਲੀਵਾਲ ਵਲੋਂ ਸੰਪਾਦਤ ਕੀਤੀ '10 ਨੁੱਕੜ ਨਾਟਕ' ਕਿਤਾਬ ਵਿਚ ਵੀ ਸ਼ਾਮਲ ਹੈ।

ਇਹ ਇਕ ਕਲਾਸਕੀ ਨਾਟਕ ਹੈ। ਇਸ ਵਿਚ ਸੂਤਰਧਾਰ ਵੀ ਹੈ, ਸਮੂਹ ਗਾਇਨ ਵੀ ਹੈ, ਵੱਡਾ ਅਫਸਰ, ਮੋਟਾ ਅਫਸਰ, ਛੋਟਾ ਅਫਸਰ, ਜੇਬ ਕਤਰਾ, ਪਾਤਰ ਹਨ ਤੇ ਭੀੜ ਵੀ ਨਾਟਕ ਦਾ ਭਾਗ ਹਨ। ਸਮੂਹ ਗਾਇਨ (ਕੋਰਸ) ਕਹਾਣੀ ਨੂੰ ਅੱਗੇ ਚਲਾਂਦਾ ਹੈ। ਕਹਾਣੀ ਦਾ ਸੰਖੇਪ ਹੈ ਕਿ ਇਕ ਬੰਦੇ ਨੂੰ ਕੁੱਤੇ ਨੇ ਵੱਢ ਲਿਆ ਹੈ। ਉਹ ਕਾਨੂੰਨ ਅੱਗੇ ਫਰਿਆਦੀ ਹੈ। ਇਸ ਕੁੱਤੇ ਦਾ ਮਾਲਕ ਕੌਣ ਹੈ? ਇਸ ਮਾਲਕ ਬਾਰੇ ਜਾਣਕਾਰੀ ਜਿਉਂ ਜਿਉਂ ਬਦਲਦੀ ਹੈ, ਕਾਨੂੰਨ ਦਾ ਰਵੱਈਆ ਬਦਲਦਾ ਹੈ। ਕੋਰਸ ਇਸ ਨਾਟਕ ਦਾ ਮੀਰੀ ਗੁਣ ਹੈ ਜੋ ਕਹਾਣੀ ਨੂੰ ਅੱਗੇ ਵੀ ਚਲਾਂਦਾ ਹੈ ਅਤੇ ਸਥਿਤੀ 'ਤੇ ਟਿੱਪਣੀ ਵੀ ਕਰਦਾ ਹੈ। ਗਿਰਗਿਟ, ਗਿਰਗਿਟ, ਗਿਰਗਿਟ, ਇਕ ਰੰਗ ਨਾਲ ਕੰਮ ਨਹੀਂ ਚਲਦਾ, ਝੱਟਪਟ ਰੰਗ ਬਦਲ ਲਓ ਭਾਈ। ਅਫਸਰ ਮੂਹਰੇ ਸੀਸ ਨਿਵਾਓ, ਚਪੜਾਸੀ 'ਤੇ ਰੋਅਬ ਜਮਾਓ, ਹਰਦਮ ਮਾਲਕ ਦੇ ਗੁਣ ਗਾਓ, ਕੰਮ ਨਿਕਲਦਾ ਜਾਪੇ ਜੇਕਰ, ਖੋਤੇ ਨੂੰ ਬਾਪ ਬਣਾਓ।

ਇਸ ਨਾਟਕ ਦੀਆਂ ਕਈ ਸਫਲ ਪੇਸ਼ਕਾਰੀਆਂ ਵੱਖ ਵੱਖ ਨਾਟਕ ਗਰੁਪਾਂ ਵਲੋਂ ਕੀਤੀਆਂ ਗਈਆਂ ਹਨ ਪਰ ਮਾਨਸਾ ਦੇ ਰੰਗਕਰਮੀ ਸੁਰਜੀਤ ਗਾਮੀ ਦਾ ਇਸ ਨਾਟਕ ਨਾਲ ਹਮੇਸ਼ਾ ਨਾਂ ਜੁੜੇਗਾ ਜਿਸ ਨੇ ਇਸ ਨਾਟਕ ਦੀ ਪੇਸ਼ਕਾਰੀ ਰਾਹੀਂ ਇਸ ਨਾਟਕ ਨੂੰ ਪੰਜਾਬੀ ਨਾਟਕ ਦਾ ਇਤਿਹਾਸ ਬਣਾਇਆ।

**ਜਾਗਦੇ ਸ਼ਬਦ:** ਮਨਜੀਤ ਕਾਦਰ 2 ਨਵੰਬਰ, 1995 ਨੂੰ ਸਾਨੂੰ ਵਿਛੋੜਾ ਦੇ ਗਿਆ। ਉਹਦੀ ਚੋਣਵੀਂ ਕਵਿਤਾ ਦੀ ਕਿਤਾਬ 'ਜਾਗਦੇ ਸ਼ਬਦ' ਪਲਸ ਮੰਚ ਦੇ 25-26 ਜਨਵਰੀ ਦੀ ਦਰਮਿਆਨੀ ਰਾਤ ਸਮਾਗਮ ਵਿਚ ਲੋਕਾਂ ਨੂੰ ਪੇਸ਼ ਕੀਤੀ ਜਾਵੇਗੀ।

ਇਸ ਕਵੀ ਦੀ ਯਾਦ ਨੂੰ ਸਾਡਾ ਸਲਾਮ।